# 70th Anniversary of the Establishment of Diplomatic Relations between India and China

April 01, 2020

## ਭਾਰਤ ਅਤੇ ਚੀਨ ਵਿਚਾਲੇ ਕੂਟਨੀਤਕ ਸੰਬੰਧ ਸਥਾਪਤ ਹੋਣ ਦੀ 70ਵੀਂ ਵਰ੍ਹੇਗੰਢ

01 ਅਪ੍ਰੈਲ, 2020

ਭਾਰਤ ਅਤੇ ਚੀਨੀ ਲੋਕ ਗਣਤੰਤਰ ਵਿਚਕਾਰ ਕੂਟਨੀਤਕ ਸੰਬੰਧ ਸਥਾਪਤ ਹੋਣ ਦੀ 70ਵੀਂ ਵਰ੍ਹੇਗੰਢ ਦੇ ਮੌਕੇ 'ਤੇ 1 ਅਪ੍ਰੈਲ, 2020 ਨੂੰ ਭਾਰਤੀ ਗਣਤੰਤਰ ਅਤੇ ਚੀਨੀ ਲੋਕ ਗਣਤੰਤਰ ਦੇ ਰਾਸ਼ਟਰਪਤੀਆਂ, ਪ੍ਰਧਾਨ ਮੰਤਰੀਆਂ ਅਤੇ ਵਿਦੇਸ਼ ਮਾਮਲਿਆਂ ਦੇ ਮੰਤਰੀਆਂ ਦਰਮਿਆਨ ਵਧਾਈਆਂ ਦਾ ਆਦਾਨ-ਪ੍ਰਦਾਨ ਹੋਇਆ।

2. ਰਾਸ਼ਟਰਪਤੀ ਸ਼੍ਰੀ ਰਾਮ ਨਾਥ ਕੋਵਿੰਦ ਨੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੂੰ ਲਿਖੀ ਆਪਣੀ ਚਿੱਠੀ ਵਿੱਚ ਚੀਨੀ ਸਰਕਾਰ ਅਤੇ ਲੋਕਾਂ ਨੂੰ ‘ਨਿੱਘੀਆਂ ਮੁਬਾਰਕਾਂ ਅਤੇ ਸ਼ੁੱਭਕਾਮਨਾਵਾਂ’ ਦਿੱਤੀਆਂ ਅਤੇ ਕਿਹਾ ਕਿ ਦੋਵਾਂ ਧਿਰਾਂ ਨੇ, ਖ਼ਾਸ ਤੌਰ 'ਤੇ ਪਿਛਲੇ ਕੁਝ ਵਰ੍ਹਿਆਂ ਅੰਦਰ, ਦੁਵੱਲੇ ਸਿਆਸੀ, ਆਰਥਿਕ ਅਤੇ ਲੋਕਾਂ ਨਾਲ ਲੋਕਾਂ ਦੇ ਸਬੰਧਾਂ ਸਮੇਤ ਕਈ ਖੇਤਰਾਂ ਵਿਚ ਆਪਸੀ ਸੰਬੰਧਾਂ ਨੂੰ ਅੱਗੇ ਵਧਾਉਣ ਦੇ ਮਾਮਲੇ 'ਚ ਕਾਫੀ ਤਰੱਕੀ ਕੀਤੀ ਹੈ।

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਚੀਨੀ ਪ੍ਰਧਾਨ ਮੰਤਰੀ ਲੀ ਕੇਕਿਯਾਂਗ ਨੂੰ ਭੇਜੇ ਆਪਣੇ ਸੁਨੇਹੇ ਵਿੱਚ ਕਿਹਾ ਕਿ ‘ਭਾਰਤ ਅਤੇ ਚੀਨ ਦੋ ਪੁਰਾਣੀਆਂ ਸੱਭਿਆਤਾਵਾਂ ਹਨ, ਜਿਨ੍ਹਾਂ ਵਿਚਾਲੇ ਸਦੀਆਂ ਤੋਂ ਆਪਸੀ ਤੌਰ 'ਤੇ ਲਾਹੇਵੰਦ ਵਟਾਂਦਰੇ ਦਾ ਲੰਮਾ ਇਤਿਹਾਸ ਰਿਹਾ ਹੈ। ਅੱਜ ਅਸੀਂ ਦੋ ਵੱਡੇ ਵਿਕਾਸਸ਼ੀਲ ਦੇਸ਼ ਅਤੇ ਉੱਭਰ ਰਹੀਆਂ ਆਰਥਿਕਤਾਵਾਂ ਹਾਂ, ਜੋ ਵਿਸ਼ਵ ਪੱਧਰ 'ਤੇ ਲਗਾਤਾਰ ਮਹੱਤਵਪੂਰਣ ਭੂਮਿਕਾ ਅਦਾ ਕਰ ਰਹੀਆਂ ਹਨ। ਇਸ ਲਈ ਭਾਰਤ ਅਤੇ ਚੀਨ ਦੇ ਵਿਚਕਾਰ ਚੰਗੇ ਸੰਬੰਧ ਨਾ ਸਿਰਫ ਸਾਡੇ ਆਪਣੇ ਦੇਸ਼ਾਂ ਲਈ, ਬਲਕਿ ਸਾਡੇ ਖੇਤਰ ਅਤੇ ਸੰਸਾਰ ਦੀ ਸ਼ਾਂਤੀ, ਸਥਿਰਤਾ ਅਤੇ ਖੁਸ਼ਹਾਲੀ ਦੇ ਨਜ਼ਰੀਏ ਤੋਂ ਵੀ ਮਹੱਤਵਪੂਰਨ ਹਨ।' ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ 'ਕੋਵਿਡ-19 ਮਹਾਂਮਾਰੀ ਅੱਜ ਸਾਨੂੰ ਸਾਡੇ ਸੰਸਾਰ ਦੇ ਆਪਸੀ ਤੌਰ ਤੇ ਜੁੜੇ ਹੋਣ ਦੀ ਯਾਦ ਦਿਵਾਉਂਦੀ ਹੈ ਅਤੇ ਇਸਦਾ ਵਾਕਈ ਵਿਸ਼ਵਵਿਆਪੀ ਪ੍ਰਤੀਕਰਮ ਦੇਣ ਦੀ ਲੋੜ ਹੈ" ਅਤੇ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਚੀਨੀ ਪ੍ਰੀਮੀਅਰ ਨਾਲ ਮਿਲਕੇ ਕੰਮ ਕਰਨ ਦੀ ਆਸ ਹੈ ਤਾਂ ਜੋ ਸਾਡੀ ਨਜ਼ਦੀਕੀ ਵਿਕਾਸ ਦੀ ਭਾਈਵਾਲੀ ਨੂੰ ਹੋਰ ਡੂੰਘਾ ਅਤੇ ਮਜ਼ਬੂਤ ਕੀਤਾ ਜਾ ਸਕੇ ਅਤੇ ਆਉਣ ਵਾਲੇ ਸਮੇਂ 'ਚ ਇਸਨੂੰ ਹੋਰ ਉਚਾਈਆਂ ਵੱਲ ਲੈ ਕੇ ਜਾਇਆ ਜਾ ਸਕੇ'।

4. ਵਿਦੇਸ਼ ਮੰਤਰੀ ਡਾ. ਐਸ ਜੈਸ਼ੰਕਰ ਨੇ ਚੀਨੀ ਵਿਦੇਸ਼ ਮੰਤਰੀ ਵੈਂਗ ਯੀ ਨੂੰ ਲਿਖੀ ਆਪਣੀ ਚਿੱਠੀ ਵਿੱਚ ਟਿੱਪਣੀ ਕੀਤੀ ਕਿ ਪਿਛਲੇ ਸੱਤ ਦਹਾਕਿਆਂ ਅੰਦਰ ‘ਭਾਰਤ-ਚੀਨ ਸੰਬੰਧਾਂ ਦਾ ਕਾਫੀ ਵਿਸਥਾਰ ਹੋਇਆ ਹੈ ਅਤੇ ਇਹ ਹੋਰ ਵੰਨ ਸੁਵੰਨੇ ਅਤੇ ਬਹੁਪੱਖੀ ਹੋ ਗਏ ਹਨ’। ਉਨ੍ਹਾਂ ਨੇ ਅੱਗੇ ਕਿਹਾ ਕਿ ਕੋਵਿਡ -19 ਦੇ ਪ੍ਰਕੋਪ ਦੀ ਵਜ੍ਹਾ ਕਾਰਨ ਦੋਵੇਂ ਧਿਰਾਂ 'ਇਸ ਇਤਿਹਾਸਕ ਵਰ੍ਹੇਗੰਢ ਨੂੰ ਮਨਾਉਣ ਦੀ ਤਜਵੀਜ਼ ਤਹਿਤ ਵੱਖ-ਵੱਖ ਗਤੀਵਿਧੀਆਂ ਕਰਨ 'ਚ ਕਾਮਯਾਬ ਨਹੀਂ ਹੋ ਸਕੀਆਂ ਹਨ। ਫਿਰ ਵੀ ਸਾਨੂੰ ਆਉਣ ਵਾਲੇ ਮਹੀਨਿਆਂ ਵਿਚ ਸਹਿਯੋਗ ਨਾਲ ਕੰਮ ਕਰਦੇ ਰਹਿਣਾ ਚਾਹੀਦਾ ਹੈ ਅਤੇ, ਜਦੋਂ ਅਸੀਂ ਅਤੇ ਵਿਸ਼ਵ ਕੋਵਿਡ-19 ਦੇ ਪ੍ਰਕੋਪ 'ਤੇ ਕਾਬੂ ਪਾ ਲੈਂਦੇ ਹਾਂ, ਇਸ ਮਹੱਤਵਪੂਰਣ ਮੀਲ ਪੱਥਰ ਨੂੰ ਇਸ ਦੇ ਮਹੱਤਵ ਅਤੇ ਦੋਨਾਂ ਦੇਸ਼ਾਂ ਦੇ ਲੋਕਾਂ ਦੀਆਂ ਸਾਂਝੀਆਂ ਇੱਛਾਵਾਂ ਦੇ ਅਨੁਸਾਰ ਢੁਕਵੇਂ ਤਰੀਕੇ ਨਾਲ ਮਨਾਉਣਾ ਚਾਹੀਦਾ ਹੈ।'

5. ਕੋਵਿਡ -19 ਮਹਾਂਮਾਰੀ ਫੈਲਣ ਦੇ ਕਾਰਨ ਭਾਰਤ ਅਤੇ ਚੀਨ ਹੁਣ ਤੱਕ ਕੂਟਨੀਤਿਕ ਸੰਬੰਧਾਂ ਦੀ ਸਥਾਪਨਾ ਦੀ 70ਵੀਂ ਵਰ੍ਹੇਗੰਢ ਮਨਾਉਣ ਲਈ ਤਜਵੀਜ਼ ਕੀਤੀਆਂ ਵੱਖ-ਵੱਖ ਗਤੀਵਿਧੀਆਂ ਦੀ ਤਿਆਰੀ ਕਰ ਉਨ੍ਹਾਂ ਨੂੰ ਸਿਰੇ ਨਹੀਂ ਚਾੜ੍ਹ ਸਕੇ। ਪਰ ਫਿਰ ਵੀ, ਦੋਨਾਂ ਦੇਸ਼ਾਂ ਦੇ ਕੋਵਿਡ-19 ਮਹਾਂਮਾਰੀ ਦੇ ਫੈਲਣ ਨਾਲ ਪੈਦਾ ਹੋਈਆਂ ਚੁਣੌਤੀਆਂ ਨਾਲ ਨਜਿੱਠਣ 'ਚ ਲੱਗੇ ਹੋਣ ਦੇ ਬਾਵਜੂਦ, ਉਨ੍ਹਾਂ ਦਰਮਿਆਨ ਇਸ ਬਾਰੇ ਗੱਲਬਾਤ ਚੱਲ ਰਹੀ ਹੈ ਕਿ ਇਸ ਇਤਿਹਾਸਕ ਵਰ੍ਹੇਗੰਢ ਨੂੰ ਇਸ ਦੇ ਮਹੱਤਵ ਅਤੇ ਦੋਨਾਂ ਦੇਸ਼ਾਂ ਦੇ ਲੋਕਾਂ ਦੀਆਂ ਸਾਂਝੀਆਂ ਇੱਛਾਵਾਂ ਅਨੁਸਾਰ ਢੁਕਵੇਂ ਤਰੀਕੇ ਨਾਲ ਮਨਾਇਆ ਜਾਵੇ। ਦੋਵੇਂ ਪੱਖ ਇਨ੍ਹਾਂ ਜਸ਼ਨਾਂ ਲਈ ਸਾਂਝੇ ਤੌਰ 'ਤੇ ਇੱਕ ਲੋਗੋ ਡਿਜ਼ਾਈਨ ਕਰਨ ਬਾਰੇ ਵੀ ਮਿਲਕੇ ਕੰਮ ਕਰ ਰਹੇ ਹਨ।

ਨਵੀਂ ਦਿਲੀ
01 ਅਪ੍ਰੈਲ, 2020

DISCLAIMER : This is an approximate translation. The original is available in English on MEA’s website and may be referred to as the official press release.